
## (ਭਾਗ - ੲ)

### (5) ਸਵੈ-ਜੀਵਨੀ :—

ਉੱਤਰ: ਸਵੈ-ਜੀਵਨੀ ਵਾਰਤਕ ਦਾ ਇਕ ਰੂਪ ਹੈ, ਜੋ ਵਿਅਕਤੀ ਦੀ ਆਪਣੇ ਨਿੱਜੀ ਅਨੁਭਵ ਨੂੰ ਸਿੱਧੇ ਤੌਰ ਤੇ ਬਿਆਨ ਕਰਨ ਦੀ ਇੱਛਾ ਵਿੱਚੋਂ ਪੈਦਾ ਹੋਇਆ ਹੈ। ਲੇਖਕ ਆਪਣੇ ਜੀਵਨ ਸੰਬੰਧੀ ਸਾਰੇ ਵਿਸਥਾਰ ਨਾਲ ਦੱਸਦਾ ਹੈ। ਇਸ ਕਰਕੇ ਸਵੈ-ਜੀਵਨੀ ਉਸ ਨੂੰ ਆਪਣੇ ਆਪ ਉੱਤੇ ਪੂਰਾ ਭਰੋਸਾ ਹੁੰਦਾ ਹੈ। ਇਸ ਕਰਕੇ ਸਵੈ-ਜੀਵਨੀ ਸੰਬੰਧੀ ਕਿਹਾ ਜਾਂਦਾ ਹੈ "ਸਵੈ ਜੀਵਨੀ ਜੀਵਨ ਵਿਚ ਹੰਢਾਏ ਅਤੇ ਭੋਗੇ ਪਲਾਂ ਦੀ ਪੁਨਰ-ਉਸਾਰੀ ਕੀਤੀ ਜਾਂਦੀ ਹੈ।"

ਸਵੈ ਜੀਵਨੀ ਇਕ <u>ਸੁਤੰਤਰ ਸਾਹਿਤ ਰੂਪ</u> ਹੈ ਜਿਸ ਦੇ ਤੱਤਾਂ ਦਾ ਵੇਰਵਾ ਇਸ ਪ੍ਰਕਾਰ ਹੈ:—



DATE : __/__/__
PAGE : ______

(1) **ਚੋਣਤਰ:** ਸ੍ਵੈ-ਜੀਵਨੀ ਬੇਸ਼ੱਕ ਲੇਖਕ ਦੇ ਨਿੱਜੀ ਜੀਵਨ ਨਾਲ ਸੰਬੰਧਿਤ ਹੁੰਦੀ ਹੈ, ਪਰ ਤਾਂ ਵੀ ਇਸ ਵਿਚ ਜੀਵਨ ਦੀ ਸਮੁੱਚਤਾ ਪੇਸ਼ ਨਹੀਂ ਕੀਤੀ ਹੁੰਦੀ। ਲੇਖਕ ਆਪਣੇ ਜੀਵਨ ਵਿਚੋਂ ਕੇਵਲ ਮਹੱਤਵਪੂਰਨ ਘਟਨਾਵਾਂ ਨੂੰ ਹੀ ਚੁਣਦਾ ਹੈ, ਤੇ ਛਾਂਗ-ਸੰਵਾਰ ਕੇ ਪੇਸ਼ ਕਰਦਾ ਹੈ।

(2) **ਨੰਗਾ ਸੱਚ:** ਲੇਖਕ ਜੋ ਵੀ ਲਿਖਦਾ ਹੈ ਉਹ ਉਸਦਾ ਅੱਖੀਂ-ਡਿੱਠਾ ਤੇ ਆਪ-ਹੰਢਾਇਆ ਸੱਚ ਹੁੰਦਾ ਹੈ, ਸੱਚ ਨੂੰ ਪੇਸ਼ ਕਰਨਾ ਹੀ ਸ੍ਵੈ-ਜੀਵਨੀ ਦਾ ਪ੍ਰਮੁੱਖ ਉਦੇਸ਼ ਹੈ।

(3) **ਆਪਾ:** ਆਪਣੇ ਆਪ ਦੀ ਪਛਾਣ ਕਰਨਾ ਸ੍ਵੈ-ਜੀਵਨੀ ਦਾ ਮੂਲ ਆਧਾਰ ਹੈ। ਆਪਣੇ ਆਪ ਦੀ ਪਛਾਣ ਕਰਨ ਵਾਲਾ ਹੀ ਆਪਣੀਆਂ ਚੰਗਿਆਈਆਂ, ਬੁਰਾਈਆਂ, ਸ਼ਕਤੀਆਂ ਤੇ ਕਮਜ਼ੋਰੀਆਂ ਨੂੰ ਪਛਾਣਦਾ ਹੈ।

(4) **ਵਿਸ਼ਾ ਵਸਤੂ:** ਲੇਖਕ ਦਾ ਆਪਾ ਹੀ ਸ੍ਵੈ-ਜੀਵਨੀ ਦਾ ਵਿਸ਼ਾ ਵਸਤੂ ਹੁੰਦਾ ਹੈ। ਲੇਖਕ ਆਪਣੇ ਆਪ ਨੂੰ ਇਕ ਵਿਸ਼ੇ ਵਜੋਂ ਦੂਰ ਰੱਖ ਕੇ ਵੇਖਦਾ ਹੈ। ਉਸ ਨੇ ਇਕੋ ਵੇਲੇ ਆਪਣੇ ਆਪ ਨੂੰ ਭੁਗਤਣਾ ਵੀ ਹੁੰਦਾ ਹੈ ਅਤੇ ਜਾਚ ਵੀ ਕਰਨਾ ਹੁੰਦਾ ਹੈ।

(5) **ਅਨੁਭਵ:** ਸ੍ਵੈ-ਜੀਵਨੀ ਅਨੁਭਵਾਂ ਦਾ ਸੰਗ੍ਰਹਿ ਹੈ, ਸ੍ਵੈ-ਜੀਵਨੀ ਲਿਖੇ ਜਾਣ ਤੋਂ ਪਹਿਲਾਂ ਜੀਵੀ ਜਾਂਦੀ ਹੈ ਅਤੇ ਫਿਰ ਲਿਖੀ ਜਾਂਦੀ ਹੈ।

(6) **ਅਧਿਕਾਰੀ ਵਿਅਕਤੀ:** ਸ੍ਵੈ-ਜੀਵਨੀ ਦਾ ਲੇਖਕ ਜਾਂ ਪਾਤਰ ਕੋਈ ਅਧਿਕਾਰੀ ਵਿਅਕਤੀ ਹੀ ਹੋ ਸਕਦਾ ਹੈ ਜੋ ਪ੍ਰਤਿਭਾਸ਼ਾਲੀ ਹੋਵੇ ਜਾਂ ਜਿਸ ਨੇ ਕਿਸੇ ਖੇਤਰ ਵਿਚ ਪ੍ਰਸਿੱਧੀ ਤੇ ਨੇਕਨਾਮੀ ਖੱਟੀ ਹੋਵੇ।

(7) **ਬੋਲੀ ਤੇ ਸ਼ੈਲੀ:** ਸ੍ਵੈ-ਜੀਵਨੀ ਦੀ ਬੋਲੀ / ਭਾਸ਼ਾ ਪ੍ਰਭਾਵਸ਼ਾਲੀ, ਪ੍ਰਵਾਹਮਈ ਅਤੇ ਰਵਾਨੀ ਭਰਪੂਰ ਚਾਹੀਦੀ

ਢੁੱਕਵੇਂ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ।

(8) ਉਦੇਸ਼ :- ਸਵੈ ਜੀਵਨੀ ਦਾ ਉਦੇਸ਼ ਲੇਖਕ ਦੁਆਰਾ ਆਪਣੀ ਜੀਵਨ ਯਾਤਰਾ ਵਿਚ ਹੋਈਆਂ ਗਲਤੀਆਂ ਨੂੰ ਸਵੀਕਾਰ ਕਰਨਾ ਅਤੇ ਪ੍ਰਾਪਤੀਆਂ ਦਾ ਮੁੱਲ ਪਾਉਣਾ ਹੁੰਦਾ ਹੈ।

## II ਸਫ਼ਰਨਾਮਾ :—

ਉੱਤਰ: ਸਫ਼ਰਨਾਮਾ ਕਈ ਸਦੀਆਂ ਤੋਂ ਸਾਹਿਤ ਦਾ ਪ੍ਰਚਲਿਤ ਰੂਪ ਰਿਹਾ ਹੈ, ਇਸ ਵਿਚ ਕਿਸੇ ਵਿਅਕਤੀ ਦੇ ਯਾਤਰਾ ਸਮਾਚਾਰ ਵਰਣਨ ਕੀਤੇ ਜਾਂਦੇ ਹਨ। ਭਾਵੇਂ ਇਸ ਸਾਹਿਤ ਰੂਪ ਦੇ ਘਟਨਾ-ਕ੍ਰਮ ਦਾ ਬਿਰਤਾਂਤ ਯਾਤਰੀ ਦੇ ਜੀਵਨ ਕ੍ਰਮ ਅਨੁਸਾਰ ਚਲਦਾ ਹੈ, ਪਰ ਵਿਸ਼ੇਸ਼ ਉਤਸੁਕਤਾ ਉਸ ਵਿਅਕਤੀ ਬਾਰੇ ਨਹੀਂ ਹੁੰਦੀ, ਸਗੋਂ ਉਸ ਵਿਸ਼ੇਸ਼ ਭੂਮੀ ਜਾਂ ਸਭਿਅਤਾ ਬਾਰੇ ਹੁੰਦੀ ਹੈ। ਜੋ ਯਾਤਰਾ ਦਾ ਕੇਂਦਰ ਬਣਦੀ ਹੈ। ਕਈ ਇਤਿਹਾਸਿਕ ਯਾਤਰੀਆਂ ਨੇ ਆਪਣੇ ਸਫ਼ਰਨਾਮਿਆਂ ਵਿਚ ਸਮਕਾਲੀ ਸਮਾਜ ਦੀ ਸਮਾਜਿਕ, ਧਾਰਮਿਕ ਤੇ ਰਾਜਸੀ ਅਵਸਥਾ ਦੇ ਸਮਾਚਾਰ ਨੂੰ ਪੇਸ਼ ਕੀਤਾ ਹੁੰਦਾ ਹੈ।

ਸਾਹਿਤਕ ਕਿਰਤਾਂ ਵਿਚ ਸਫ਼ਰ ਦਾ ਵਰਣਨ ਮਨੁੱਖ ਦੀ ਸਥਾਨਾਂ ਨੂੰ ਜਾਣਨ ਦੀ ਸੁਭਾਵਿਕ ਜਗਿਆਸਾ ਦੀ ਤ੍ਰਿਪਤੀ ਕਰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚ ਗੁਰੂ ਜੀ ਦੀਆਂ ਉਦਾਸੀਆਂ ਦਾ ਜ਼ਿਕਰ ਇਕ ਪ੍ਰਕਾਰ ਦੇ ਛੋਟੇ ਸਫ਼ਰਨਾਮੇ ਹੀ ਹਨ।

ਪੰਜਾਬੀ ਵਿਚ ਸੁਤੰਤਰ ਸਾਹਿਤਕ ਰੂਪ ਦੇ ਤੌਰ ਤੇ ਸਫ਼ਰਨਾਮਾ ਆਧੁਨਿਕ ਕਾਲ ਵਿਚ ਹੀ ਹੋਂਦ ਵਿਚ ਆਇਆ ਹੈ। ਲਾਲ ਸਿੰਘ ਕਮਲਾ ਅਕਾਲੀ ਦਾ 'ਮੇਰਾ ਵਲਾਇਤੀ ਸਫ਼ਰਨਾਮਾ' ਆਧੁਨਿਕ ਪੰਜਾਬੀ ਸਾਹਿਤ ਦਾ ਪਹਿਲਾ ਸਫ਼ਰਨਾਮਾ ਹੈ।

ਸਫ਼ਰਨਾਮੇ ਵਿਚ ਭਾਵੇਂ ਲੇਖਕ ਦੀ ਸ਼ਖ਼ਸੀਅਤ ਪਾਠਕਾਂ ਦੀ ਦਿਲਚਸਪੀ ਦਾ ਕੇਂਦਰ ਨਹੀਂ ਹੁੰਦੀ, ਪਰ ਇਸ ਉਪਰ ਲੇਖਕ ਦੀ ਸ਼ਖ਼ਸੀਅਤ

DATE : __/__/__
PAGE : ______

ਦੀ ਛਾਪ ਗੂੜ੍ਹੀ ਹੁੰਦੀ ਹੈ। ਕਿਉਂਕਿ ਹਰ ਲੇਖਕ ਆਪਣੀ ਪਸੰਦ ਅਤੇ ਰੁਚੀ ਅਨੁਸਾਰ ਕਿਸੇ ਇਲਾਕੇ ਨੂੰ ਆਪਣਾ ਵਿਸ਼ਾ ਬਣਾਉਂਦਾ ਹੈ।

ਦੇਸ਼ ਕਾਲ ਅਤੇ ਵਾਤਾਵਰਨ ਦਾ ਚਿਤਰਨ ਸਫ਼ਰਨਾਮੇ ਦੀ ਵਿਸ਼ੇਸ਼ਤਾ ਹੈ, ਲੇਖਕ ਜਿਨ੍ਹਾਂ ਥਾਵਾਂ ਅਤੇ ਲੋਕਾਂ ਵਿਚੋਂ ਵਿਚਰਦਾ ਹੈ, ਉਹ ਉਨ੍ਹਾਂ ਦਾ ਵਰਣਨ ਬੜੇ ਯਥਾਰਥਕ ਤੇ ਪ੍ਰਭਾਵਸ਼ਾਲੀ ਢੰਗ ਨਾਲ ਕਰਦਾ ਹੈ।

ਸ਼ੈਲੀ ਸਫ਼ਰਨਾਮੇ ਦਾ ਇਕ ਮਹੱਤਵਪੂਰਨ ਤੱਤ ਹੈ ਜੋ ਸਫ਼ਰਨਾਮੇ ਵਿਚ ਰੋਚਕਤਾ, ਸੁਆਦ ਤੇ ਉਤਸੁਕਤਾ ਪੈਦਾ ਕਰਦੀ ਹੈ, ਆਮ ਕਰਕੇ ਸਫ਼ਰਨਾਮਾਂ ਵਰਣਨੀ ਤੇ ਬਿਰਤਾਂਤਕ ਸ਼ੈਲੀ ਵਿਚ ਲਿਖਿਆ ਜਾਂਦਾ ਹੈ।

ਲੇਖਕ ਸ਼ਬਦ-ਚਿਤਰਾਂ ਨਾਲ ਸਫ਼ਰਨਾਮੇ ਦਾ ਸਮੁੱਚਾ ਢਾਂਚਾ-ਖੜ੍ਹਾ ਕਰਦਾ ਹੈ, ਇਸ ਕਰਕੇ ਉਸ ਕੋਲ ਸ਼ਬਦਾਂ ਦਾ ਅਥਾਹ ਭੰਡਾਰ ਹੋਣਾ ਚਾਹੀਦਾ ਹੈ। ਉਸ ਨੂੰ ਸ਼ਬਦਾਂ ਦੀ ਲੋੜ ਤੇ ਉਚਿਤ ਢੁਕਵੀਂ ਵਰਤੋਂ ਕਰਨੀ ਚਾਹੀਦੀ ਹੈ।

ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਸਫ਼ਰਨਾਮਾ ਲੇਖਕ ਗਿਆਨ ਤੇ ਜਾਣਕਾਰੀ ਦਾ ਅਥਾਹ ਭੰਡਾਰ ਹੈ, ਜਿਸ ਸਫ਼ਰਨਾਮਾਕਾਰ ਦੀ ਆਪਣੀ ਰਚਨਾ ਵਿਚ ਜਿੰਨੀ ਗਿਆਨ ਤੇ ਜਾਣਕਾਰੀ ਭਰੀ ਹੋਵੇਗੀ, ਉਨ੍ਹਾਂ ਹੀ ਉਹ ਸਫ਼ਰਨਾਮਾ ਪ੍ਰਭਾਵਸ਼ਾਲੀ ਹੋਵੇਗਾ।

---

## III ਨਿਬੰਧ:

ਉੱਤਰ: ਨਿਬੰਧ ਬਾਰੇ ਵਿਚਾਰ ਕਰਦਿਆਂ ਅਚਾਰੀਆ ਰਾਮ ਚੰਦਰ ਸ਼ੁਕਲ ਨੇ ਕਿਹਾ ਹੈ ਕਿ

"ਜੇਕਰ ਗੱਦ ਕਵੀਆਂ ਜਾਂ ਲੇਖਕਾਂ ਦੀ ਕਸਵੱਟੀ ਹੈ, ਤਾਂ ਨਿਬੰਧ ਗੱਦ ਦੀ ਕਸਵੱਟੀ ਹੈ। ਭਾਸ਼ਾ ਦੀ ਪੂਰਨ-ਸ਼ਕਤੀ ਦਾ ਵਿਕਾਸ ਨਿਬੰਧਾਂ ਵਿਚ ਹੀ ਸਭ ਤੋਂ ਵਧੇਰੇ ਸੰਭਵ ਹੈ।"

DATE : __/__/__
PAGE : ______

## ਸੇਂਟ ਥਿਉਡਰ ਦੇ ਅਨੁਸਾਰ,

"ਨਿਬੰਧ ਸਾਹਿਤ ਅਭਿਵਿਅਕਤੀ ਦਾ ਬਹੁਤ ਹੀ ਔਖਾ ਪਰੰਤੂ ਸੁਆਦਲਾ ਅੰਗ ਹੈ, ਕਿਉਂਕਿ ਇਸ ਵਿਚੋਂ ਲੇਖਕ ਦੀ ਗੰਭੀਰਤਾ ਅਤੇ ਉਸ ਦੀ ਗਾਗਰ ਵਿਚ ਸਾਗਰ ਭਰਨ ਦੀ ਸ਼ਕਤੀ ਦਾ ਸੰਕੇਤ ਮਿਲਦਾ ਹੈ।"

## ਨਿਬੰਧ ਦੀਆਂ ਵਿਸ਼ੇਸ਼ਤਾਈਆਂ

(1) ਆਮ ਤੌਰ ਤੇ ਨਿਬੰਧ ਛੋਟੇ-ਛੋਟੇ ਆਕਾਰ ਦੀ ਰਚਨਾ ਹੁੰਦੀ ਹੈ।

(2) ਨਿਬੰਧ ਵਿਚ ਲੇਖਕ ਦੇ ਨਿੱਜੀਪਣ ਅਤੇ ਵਿਅਕਤੀਤਵ ਦੀ ਝਲਕ ਸਪੱਸ਼ਟ ਹੁੰਦੀ ਹੈ। ਸਾਨੂੰ ਲੇਖਕ ਦੇ ਵਿਚਾਰਾਂ ਤੇ ਸੁਭਾ ਦੀਆਂ ਵਿਸ਼ੇਸ਼ਤਾਈਆਂ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ।

(3) ਨਿਬੰਧ ਵਿਚ ਅਪੂਰਨਤਾ ਅਤੇ ਆਪਮੁਹਾਰਤਾ ਹੋਇਆ ਹੋਇਆ ਵੀ ਇਹ ਪੂਰਨ ਹੁੰਦਾ ਹੈ। ਇਸ ਨੂੰ ਕਿਸੇ ਹੱਦ ਤਕ ਗੱਦ ਵਿਚ ਲਿਖਿਆ ਗੀਤ ਵੀ ਕਹਿ ਸਕਦੇ ਹਾਂ, ਜਿਸ ਵਿਚ ਗੀਤ ਵਰਗਾ ਨਿੱਜੀਪਣ ਅਤੇ ਕੋਮਲਤਾ ਹੁੰਦੀ ਹੈ।

(4) ਨਿਬੰਧ ਦੂਜਿਆਂ ਗੱਦ ਰੂਪਾਂ ਦੇ ਮੁਕਾਬਲੇ ਵਧੇਰੇ ਰੋਚਕ ਅਤੇ ਸੁਆਦਲੇ ਹੁੰਦੇ ਹਨ। ਇਹ ਕੇਵਲ ਵਰਣਨ ਮਾਤਰ ਨਹੀਂ ਹੁੰਦੇ, ਸਗੋਂ ਲੇਖਕ ਦੀ ਪ੍ਰਤਿਭਾ ਦੀ ਚਮਕ-ਦਮਕ ਨਾਲ ਭਰਪੂਰ ਹੁੰਦੇ ਹਨ।

(5) ਨਿਬੰਧ ਨੂੰ ਸਾਡੀ ਗੱਦ ਵਿਚ ਵਿਸਥਾਰ ਕੀਤਾ (ਨਿੱਜੀ ਭਾਸ਼ਣ) ਵੀ ਕਹਿ ਸਕਦੇ ਹਾਂ।

ਸੋ ਕਿਹਾ ਜਾ ਸਕਦਾ ਹੈ ਕਿ ਨਿਬੰਧ ਗੱਦ ਸਾਹਿਤ ਦਾ ਉਹ ਰੂਪ ਹੈ, ਜਿਸ ਵਿਚ ਲੇਖਕ ਇਕ ਸੀਮਿਤ ਆਕਾਰ ਵਿਚ ਇਸ ਬ੍ਰਹਿਮੰਡੀ ਸੰਸਾਰ ਦੇ ਪ੍ਰਤੀ ਆਪਣੀਆਂ ਭਾਵਨਾਤਮਕ ਅਤੇ ਵਿਚਾਰਾਤਮਿਕ ਪ੍ਰਤੀਕਿਰਿਆ ਨੂੰ ਪ੍ਰਗਟ ਕਰਦਾ ਹੈ।